388
9-6-16

# ਡਾਇਰੈਕਟੋਰੇਟ ਸਥਾਨਕ ਸਰਕਾਰ ਪੰਜਾਬ, ਚੰਡੀਗੜ੍ਹ।

(ਲੇਖਾ ਸਾਖਾ)

ਸੇਵਾ ਵਿਖੇ,

ਕਾਰਜ ਸਾਧਕ ਅਫਸਰ,
ਨਗਰ ਕੌਂਸਲ, ਖਰੜ।

ਨੰ: ਲੇਖਾ-6-ਉਕਵਲ-ਡਸਸ-(49)-16/ 26066
ਮਿਤੀ: 07-6-16

ਵਿਸ਼ਾ:- ਨਗਰ ਕੌਂਸਲ, ਖਰੜ ਦਾ ਬਜਟ ਸਾਲ 2016-17 ਸਬੰਧੀ।

********

ਉਪਰੋਕਤ ਵਿਸ਼ੇ ਦੇ ਹਵਾਲੇ ਵਿੱਚ।

2. ਉਕਤ ਸਥਾਨਕ ਸੰਸਥਾ ਦਾ ਬਜਟ ਅਨੁਮਾਨ ਸਾਲ 2016-17 ਇਸ ਵਿਭਾਗ ਵਿਖੇ ਪ੍ਰਵਾਨਗੀ ਲਈ ਪ੍ਰਾਪਤ ਹੋਇਆ ਹੈ। ਸਥਾਨਕ ਸੰਸਥਾਂ ਵੱਲੋਂ ਸਾਲ 2016-17 ਲਈ ਅਸਲ ਆਮਦਨ ਅਤੇ ਖਰਚਾ ਹੇਠ ਅਨੁਸਾਰ ਦਰਸਾਇਆ ਗਿਆ ਹੈ :-

ਬਜਟ ਐਸਟੀਮੇਟ (2016-17) (ਰਕਮ ਲੱਖਾਂ ਵਿੱਚ)

| ਆਮਦਨ | ਵਿਭਾਗ ਦੀ ਤਜਵੀਜ |
|---|---|
| ਮਿਤੀ 01/04/2016 ਨੂੰ ਮੁੱਢਲਾ ਬਕਾਇਆ<br>(ਕੈਸ਼ ਬੁੱਕ ਅਨੁਸਾਰ) | 354.94 |
| ਸਾਲ 2016-17 ਲਈ ਆਮਦਨ | 3431.50 |
| ਕੁਲ | **3786.44** |
| ਖਰਚਾ | |
| ੳ) **ਅਮਲਾ:** ਕੇਵਲ ਮੌਜੂਦਾ ਪੋਸਟਾ ਅਤੇ ਏਰੀਅਰ ਲਈ,ਪੈਨਸ਼ਨ ਕੰਟਰੀਬਿਊਸਨ/ਰਿਟਾਇਰਮੈਂਟ ਬੈਨੀਫਿਟ (ਗਰੈਚੂਟੀ ਅਤੇ ਲੀਵ ਇੰਨਕੈਸਮੈਂਟ) | 980.00 |
| ਅ) ਕੰਟੀਜੈਸੀ: | 95.00 |
| ੲ) ਵਿਕਾਸ ਦੇ ਕੰਮਾਂ ਲਈ: ਕਮਿਟਡ : 1046.50<br>ਨਾਨ ਕਮਿਟਡ : 1645.00 | 2691.50 |
| ਕੁਲ | **3766.50** |
| ਮਿਤੀ 31/3/2017 ਲਈ ਅੰਤਿਮ ਬਕਾਇਆ | 19.94 |
| ਕੁਲ | **3786.44** |

<u>ਆਮਦਨ-</u> ਇਸ ਮੱਦ ਅਧੀਨ ਸਾਲ 2016-17 ਲਈ ਹੇਠ ਦਰਸਾਏ ਹੈਡਾਂ ਸਮੇਤ ਬਾਕੀ ਹੈਡਾਂ ਦੀ ਕੁੱਲ ਆਮਦਨ 3431.50 ਲੱਖ ਰੁਪਏ ਪ੍ਰਵਾਨ ਕੀਤੀ ਜਾਂਦੀ ਹੈ -

| ਲੜੀ ਨੰ | ਹੈਡ ਦਾ ਨਾਮ | ਵਿਭਾਗ ਦੀ ਪ੍ਰਵਾਨਗੀ |
|---|---|---|
| 1. | ਪ੍ਰਾਪਰਟੀ ਟੈਕਸ | 150.00 |
| 2. | ਵੈਟ | 760.00 |
| 3. | ਬਿਜਲੀ ਤੇ ਚੂੰਗੀ | 110.00 |
| 4. | ਐਕਸਾਈਜ ਡਿਊਟੀ | 50.00 |
| 5. | ਵਾਟਰ / ਸੀਵਰੇਜ | 180.00 |
| 6. | ਰੈਂਟ | 25.00 |
| 7. | ਫੀਸਾਂ | 1.50 |
| 8. | ਸੇਲ ਆਫ ਲੈਂਡ | 800.00 |
| 9. | ਅਦਰਜ | 40.00 |
| 10. | ਬਿਲਡਿੰਗ ਐਪਲੀਕੇਸਨ | 1300.00 |
| 11. | ਐਡਵਰਟਾਈਜਮੈਂਟ | 15.00 |
| | ਕੁਲ ਜੋੜ | **3431.50** |

**<u>ਨੋਟ</u> :- ਆਪ ਵੱਲੋਂ ਹਾਊਸ ਟੈਕਸ ਅਧੀਨ ਪਿਛਲੇ ਸਾਲਾਂ ਦਾ ਜੋ ਬਕਾਇਆ ਦੱਸਿਆ ਗਿਆ ਹੈ। ਆਪ ਨੂੰ ਸਾਲ 2016-17 ਦੌਰਾਨ ਉਕਤ ਬਕਾਇਆ ਦਾ ਲਗਭਗ 50% ਵਸੂਲ ਕਰਨ ਦੀ ਹਦਾਇਤ ਕੀਤੀ ਜਾਂਦੀ ਹੈ।**

ਖਰਚਾ:

ਅਮਲਾ: ਇਸ ਮੱਦ ਅਧੀਨ 980.00 ਲੱਖ ਰੁਪਏ ਪ੍ਰਵਾਨ ਕੀਤੇ ਜਾਂਦੇ ਹਨ। ਜਿਸ ਵਿੱਚੋਂ ਖਾਲੀ ਪੋਸਟਾਂ ਦਾ ਖਰਚਾ ਨਹੀਂ ਦਿੱਤਾ ਜਾਂਦਾ ਹੈ ਅਤੇ ਨਾ ਹੀ 5 ਸੇਵਾਦਾਰ, ਜੋ ਕਿ ਪੱਕੇ ਤੌਰ ਤੇ ਰੱਖਣੇ ਹਨ, ਦਾ ਖਰਚਾ ਪ੍ਰਵਾਨ ਕੀਤਾ ਜਾਂਦਾ ਹੈ, ਜਿਨਾਂ ਦੀ ਅਜੇ ਤੱਕ ਨਿਯੁਕਤੀ ਨਹੀਂ ਕੀਤੀ ਗਈ ਹੈ। ਇਸ ਮੱਦ ਅਧੀਨ ਪ੍ਰਵਾਨ ਹੋਇਆ ਖਰਚਾ ਕੇਵਲ ਮੌਜੂਦਾ ਪੋਸਟਾਂ ਲਈ, ਪੈਨਸਨ ਕੰਟਰੀਬਿਊਸਨ ਲਈ ਵਰਤਿਆ ਜਾਵੇਗਾ। ਲੰਬਿਤ ਦੇਣਦਾਰੀਆਂ ਪਹਿਲ ਦੇ ਆਧਾਰ ਤੇ ਅਦਾ ਕਰਨ ਦੇ ਹੁਕਮ ਦਿੱਤੇ ਜਾਂਦੇ ਹਨ।

ਨੋਟ :- ਨਗਰ ਕੌਂਸਲ ਨੂੰ ਲਿਖਿਆ ਜਾਂਦਾ ਹੈ ਕਿ ਕਿਸੇ ਵੀ ਅਸਾਮੀ ਨੂੰ ਆਪਣੇ ਪੱਧਰ ਤੇ ਇਸ ਵਿਭਾਗ ਤੋਂ ਪ੍ਰਵਾਨਤ ਸਕੇਲ ਤੋਂ ਵੱਧ ਸਕੇਲ ਨਾ ਦਿੱਤਾ ਜਾਵੇ ਅਤੇ ਨਾ ਹੀ ਕਿਸੇ ਪੋਸਟ ਨੂੰ ਇਸ ਵਿਭਾਗ ਤੋਂ ਪ੍ਰਵਾਨਤ ਪੋਸਟਾਂ ਤੋਂ ਇਲਾਵਾ ਕੋਈ ਡੈਜੀਗਨੇਸ਼ਨ ਦਿੱਤਾ ਜਾਵੇ।

ਕੰਟੀਜੈਂਸੀ:- ਇਸ ਮੱਦ ਅਧੀਨ ਸਾਲ 2016-17 ਲਈ ਹੇਠ ਦਰਸਾਏ ਹੈਡਾਂ ਸਮੇਤ ਬਾਕੀ ਹੈਡਾਂ ਦਾ ਕੁਲ ਖਰਚਾ 95.00 ਲੱਖ ਰੁਪਏ ਪ੍ਰਵਾਨ ਕੀਤਾ ਜਾਂਦਾ ਹੈ :-

| ਲੜੀ ਨੰ | ਹੈਡ ਦਾ ਨਾਮ | ਵਿਭਾਗ ਦੀ ਪ੍ਰਵਾਨਗੀ |
|---|---|---|
| 1 | ਸਟੇਸ਼ਨਰੀ | 10.00 |
| 2 | ਪੈਟਰੋਲ ਅਤੇ ਵਹੀਕਲ | 76.00 |
| 3 | ਟੈਲੀਫੋਨ | 1.50 |
| 4 | ਕੰਪਿਊਟਰ | 1.50 |
| 5 | ਮਿਸਲੇਨੀਅਸ ਚਾਰਜਿਜ | 6.00 |
| | ਕੁਲ ਜੋੜ | **95.00** |

ਨੋਟ:- ਕਿਸੇ ਵੀ ਸਬ ਹੈਡ ਅਧੀਨ ਖਰਚਾ ਵੱਧਣ ਦੀ ਸੂਰਤ ਵਿੱਚ ਇਸ ਦਫਤਰ ਵੱਲੋਂ ਬਜਟ ਵਿੱਚ ਸੋਧ ਕਰਵਾਈ ਜਾਵੇ ਅਤੇ ਆਪਣੇ ਪੱਧਰ ਤੇ ਸਬ ਹੈਡਾਂ ਦੇ ਬਜਟ ਦੀ ਅਡਜਸਟਮੈਂਟ ਨਾ ਕੀਤੀ ਜਾਵੇ।

ਵਿਕਾਸ:- ਇਸ ਮੱਦ ਅਧੀਨ ਹੇਠ ਦਰਸਾਏ ਹੈਡਾਂ ਸਮੇਤ ਬਾਕੀ ਹੈਡਾਂ (ਕਮਿਟਡ ਅਤੇ ਨਾਨ ਕਮਿਟਡ) ਲਈ ਕੁਲ ਖਰਚਾ 2691.50 ਲੱਖ ਰੁਪਏ ਪ੍ਰਵਾਨ ਕੀਤਾ ਜਾਂਦਾ ਹੈ :-

| ਲੜੀ ਨੰ | ਹੈਡ ਦਾ ਨਾਮ (ਕਮਿਟਡ) | ਵਿਭਾਗ ਦੀ ਪ੍ਰਵਾਨਗੀ |
|---|---|---|
| 1. | ਬਿਜਲੀ/ਸਟਰੀਟ ਲਾਈਟ/ਟਿਊਬਵੈਲਾਂ ਦੇ ਬਿਲ | 700.00 |
| 2. | ਬਿਜਲੀ ਦੇ ਰੱਖ ਰਖਾਵ | 100.00 |
| 3. | ਵਾਟਰ ਸਪਲਾਈ/ਸੀਵਰੇਜ ਦਾ ਰੱਖ ਰਖਾਵ | 100.00 |
| 4. | ਮਿਉਂਸਪਲ ਭਵਨ ਕੰਟਰੀਬਿਊਸ਼ਨ | 75.00 |
| 5. | ਡਾਇਰੈਕਟੋਰੇਟ ਚਾਰਜਿਜ | 20.00 |
| 6. | ਆਡਿਟ ਫੀਸ | 1.50 |
| 7. | ਲਾਅ ਚਾਰਜਿਜ/ ਅਦਰਜ | 50.00 |
| | ਜੋੜ | **1046.50** |
| | ਨਾਨ ਕਮਿਟਡ | ਵਿਭਾਗ ਦੀ ਪ੍ਰਵਾਨਗੀ |
| 1. | ਸੜਕਾਂ ਲਈ | 250.00 |
| 2 | ਨਵੀਂਆਂ ਨਾਲੀਆਂ ਲਈ | 50.00 |
| 3. | ਸੜਕਾਂ ਦੀ ਰਿਪੇਅਰ | 60.00 |
| 4. | ਪੁਰਾਣੀਆਂ ਨਾਲੀਆਂ ਦੀ ਰਿਪੇਅਰ | 60.00 |
| 5. | ਨਵੇਂ ਟਿਊਬਵੈਲ/ਨਵੀਂ ਸੀਵਰੇਜ | 150.00 |
| 6. | ਫਾਇਰ ਸਟੇਸਨ | 5.00 |
| 7. | ਗਲੀਆਂ ਦੀ ਉਸਾਰੀ | 120.00 |
| 8. | ਸਲੱਮਜ ਦੇ ਸੁਧਾਰ ਲਈ (ਸੌਲਿਡ ਵੇਸਟ) | 600.00 |
| 9. | ਮਸ਼ੀਨਰੀ ਦੀ ਖਰੀਦ | 75.00 |
| 10. | ਪਾਰਕਾਂ ਲਈ | 100.00 |
| 11. | ਦਫਤਰੀ ਬਿਲਡਿੰਗ | 150.00 |
| 12. | ਕਮਿਊਨਟੀ ਸੈਂਟਰ/ਸਟੇਡੀਅਮ | 20.00 |
| 13. | ਫੁਟਕਲ ਕੰਮ | 5.00 |
| | ਜੋੜ | **1645.00** |

ਮਿਤੀ 31/3/2017 ਲਈ ਅੰਤਮ ਬਕਾਇਆਂ ਰੁਪਏ 19.94 ਲੱਖ ਰੁਪਏ ਨਿਸਚਿਤ ਗਿਆ ਹੈ। ਕਾਰਜ ਸਾਧਕ ਅਫਸਰ, ਨਗਰ ਕੌਂਸਲ, ਖਰੜ ਨੂੰ ਲਿਖਿਆ ਜਾਂਦਾ ਹੈ ਕਿ ਸਾਲ 2016-17 ਲਈ ਨਿਸਚਿਤ ਕੀਤੀ ਗਈ ਆਮਦਨ ਦੇ ਟੀਚੇ ਨੂੰ ਹਰ ਹਾਲਤ ਵਿੱਚ ਪ੍ਰਾਪਤ ਕੀਤਾ ਜਾਵੇ ਅਤੇ ਪ੍ਰਵਾਨਤ ਖਰਚੇ ਨੂੰ ਪ੍ਰਾਪਤ ਹੋਣ ਵਾਲੀ ਆਮਦਨ ਦੇ ਸਨਮੁੱਖ ਕੀਤਾ ਜਾਵੇ । ਸਾਲ ਦੇ ਅੰਤ ਤੇ ਤਜਵੀਜਤ ਬਕਾਏ ਨੂੰ ਬਰਕਰਾਰ ਰਖਿਆ ਜਾਵੇ ।

**ਸ਼ਰਤਾਂ**:-

1. ਸਾਲ 2016-17 ਲਈ ਮਿਥਿਆ ਗਿਆ ਆਮਦਨ ਦਾ ਟੀਚਾ ਪੂਰਾ ਕਰਨ ਲਈ ਕਾਰਜ ਸਾਧਕ ਅਫਸਰ ਦੀ ਜ਼ੁੰਮੇਵਾਰੀ ਹੋਵੇਗੀ ।
2. ਨਗਰ ਕੌਂਸਲ ਅੰਦਰ ਪੈਂਦੀਆਂ ਸਾਰੀਆਂ ਇਮਾਰਤਾਂ ਦਾ ਹਾਊਸ ਟੈਕਸ ਅਤੇ ਹੋਰ ਤਰ੍ਹਾਂ ਦੀ ਉਗਰਾਹੀ ਲਈ ਸਰਵੇ ਤਿੰਨ ਮਹੀਨੇ ਦੇ ਅੰਦਰ-ਅੰਦਰ ਮੁਕੰਮਲ ਕਰਵਾਇਆ ਜਾਵੇ ਅਤੇ ਏਰੀਅਰ ਦੀ 100% ਰਿਕਵਰੀ ਯਕੀਨੀ ਬਣਾਈ ਜਾਵੇ ।
3. ਅਮਲੇ ਦੇ ਖਰਚੇ ਅਤੇ ਦਫਤਰੀ ਖਰਚੇ ਨੂੰ ਹੋਰ ਘੱਟ ਕਰਨ ਸਬੰਧੀ ਉਪਰਾਲੇ ਕੀਤੇ ਜਾਣ ।
4. ਕਿਸੇ ਵੀ ਖਰਚੇ ਦੀ ਮੱਦ ਅਧੀਨ ਪ੍ਰਵਾਨ ਕੀਤੇ ਖਰਚੇ ਤੋਂ ਵੱਧ ਖਰਚਾ ਸਮਰੱਥ ਅਧਿਕਾਰੀ ਦੀ ਪ੍ਰਵਾਨਗੀ ਲਏ ਬਗੈਰ ਨਾ ਕੀਤਾ ਜਾਵੇ ਅਤੇ ਨਾ ਹੀ ਅਗਾਊਂ ਪ੍ਰਵਾਨਗੀ ਆਉਣ ਦੀ ਆਸ ਵਿੱਚ ਕੀਤਾ ਜਾਵੇ ।
5. ਕੋਈ ਨਵੀਂ ਅਸਾਮੀ/ਖਾਲੀ ਅਸਾਮੀ ਸਥਾਨਕ ਸਰਕਾਰ ਵਿਭਾਗ ਦੀ ਪੂਰਵ ਪ੍ਰਵਾਨਗੀ ਤੋਂ ਬਿਨਾਂ ਨਾ ਭਰੀ ਜਾਵੇ ।
6. ਇਸ ਵਿਭਾਗ ਦੀ ਪ੍ਰਵਾਨਗੀ ਤੋਂ ਬਗੈਰ ਕਿਸੇ ਅਸਾਮੀ ਦੀ ਤਬਦੀਲੀ ਨਾ ਕੀਤੀ ਜਾਵੇ ਅਤੇ ਕਰਮਚਾਰੀ ਦਾ ਕਾਡਰ ਵੀ ਤਬਦੀਲ ਨਾ ਕੀਤਾ ਜਾਵੇ ।
7. ਕੋਈ ਵੀ ਵਹੀਕਲ ਇਸ ਦਫਤਰ ਦੀ ਪੂਰਵ ਪ੍ਰਵਾਨਗੀ ਤੋਂ ਬਿਨ੍ਹਾਂ ਖਰੀਦ ਨਾ ਕੀਤਾ ਜਾਵੇ ।
8. ਡੇਲੀਵੇਜਿਜ ਜਾਂ ਕੰਟਰੈਕਟ ਦੇ ਅਧਾਰ ਤੇ ਇਸ ਦਫਤਰ ਦੀ ਵਿਸੇਸ ਪੂਰਵ ਪ੍ਰਵਾਨਗੀ ਤੋਂ ਬਿਨ੍ਹਾਂ ਕੋਈ ਵੀ ਨਿਯੁਕਤੀ ਨਾ ਕੀਤੀ ਜਾਵੇ ।
9. ਕੰਟਰੈਕਟ/ਠੇਕੇ ਤੇ ਭਰਤੀ ਕਰਨ ਦੀ ਬਜਾਏ ਜਿੱਥੋਂ ਤੱਕ ਸੰਭਵ ਹੋਵੇ ਕਿਸੇ ਬਾਹਰੀ ਸੰਸਥਾ ਤੋਂ ਲੋੜੀਂਦੇ ਸਟਾਫ ਦੀਆਂ ਸੇਵਾਵਾਂ ਪ੍ਰਾਪਤ ਕੀਤੀਆਂ ਜਾਣ ਤਾਂ ਜੋ ਸਥਾਨਕ ਸੰਸਥਾ ਨੂੰ ਭਵਿੱਖ ਵਿੱਚ ਕਿਸੇ ਕਿਸਮ ਦੀ ਕਾਨੂੰਨੀ ਅੜਚਨ ਨਾ ਆਵੇ ।
10. ਚੰਡੀਗੜ੍ਹ ਵਿਖੇ ਉਸਾਰੇ ਜਾਣ ਵਾਲੇ ਮਿਊਂਸਪਲ ਭਵਨ ਲਈ ਨਗਰ ਕੌਂਸਲ ਦੀ ਕੁਲ ਆਮਦਨ ਦਾ 1% ਦੀ ਰਾਸੀ ਦਾ ਉਪਬੰਧ ਕੀਤਾ ਜਾਂਦਾ ਹੈ ।
11. <u>ਵਿਕਾਸ</u> : ਵਰਕਸ ਦਾ ਖਰਚਾ ਸਪਲਿਟ ਕਰਨ ਤੇ ਪਾਬੰਦੀ ਹੈ । ਹਰ ਹਾਲਤ ਵਿੱਚ ਜੋ ਪੈਸੇ ਸਰਕਾਰ ਵੱਲੋਂ ਦਿੱਤੇ ਜਾਂਦੇ ਹਨ, ਉਸ ਨਾਲ ਕੰਮ ਵੀ ਸਮੇਂ ਸੀਮਾਂ ਅਤੇ ਮਿਥੇ ਤਖਮੀਨੇ ਵਿੱਚ ਮੁਕੰਮਲ ਕੀਤਾ ਜਾਵੇ । ਗਰਾਂਟ ਦਾ ਖਰਚਾ ਸਕੀਮ ਵਿੱਚ ਦਰਜ ਹਦਾਇਤਾਂ ਅਨੁਸਾਰ ਕੀਤਾ ਜਾਵੇ ਅਤੇ ਵਰਤੋਂ ਸਰਟੀਫਿਕੇਟ ਮੁੱਖ ਦਫਤਰ ਵਿਖੇ ਸਬੰਧਤ ਸਾਖਾ ਨੂੰ ਸਮੇਂ-ਸਿਰ ਪੁੱਜਦਾ ਕੀਤਾ ਜਾਵੇ । ਕੌਂਸਲ ਵੱਲੋਂ ਹਰ ਸਾਲ ਅਪਣੀ ਪ੍ਰਬੰਧਕੀ ਰਿਪੋਰਟ ਤਿਆਰ ਕਰਕੇ ਸਮੇਂ ਸਿਰ ਸਰਕਾਰ ਨੂੰ ਭੇਜੀ ਜਾਵੇ । ਵਰਕਚਾਰਜ ਅਮਲੇ ਤੇ ਹੋਣ ਵਾਲਾ ਖਰਚਾ ਵਿਕਾਸ ਦੀ ਮੱਦ ਹੇਠ ਨਾ ਕੀਤਾ ਜਾਵੇ ਉਸ ਨੂੰ ਅਮਲੇ ਦੀ ਮੱਦ ਵਿੱਚ ਕੀਤਾ ਜਾਵੇ ।
12. ਫਾਇਰ ਬ੍ਰਿਗੇਡ ਲਈ ਲੋੜੀਂਦੇ ਡਰਾਈਵਰ ਪਾਸਕੋ ਤੋਂ ਜਾਂ ਕਿਸੇ ਬਾਹਰੀ ਸੰਸਥਾ ਤੋਂ ਲਏ ਜਾਣ ।
13. ਸਾਲ 2016-17 ਦੌਰਾਨ ਵਿਕਾਸ ਦੇ ਕੰਮਾਂ ਦੀ ਜੋ ਸੂਚੀ ਬਜਟ ਅਨੁਮਾਨ ਨਾਲ ਭੇਜੀ ਹੈ ਉਸ ਦੇ ਅਨੁਸਾਰ ਹੀ ਵਿਕਾਸ ਦੇ ਕੰਮ ਕਰਵਾਏ ਜਾਣ ਨੂੰ ਯਕੀਨੀ ਬਣਾਇਆ ਜਾਵੇ ।
14. ਕਰਮਚਾਰੀਆਂ ਨੂੰ ਮਿਲਣ ਵਾਲੇ ਰਿਟਾਇਰਲ ਡਿਊਜ, ਜੀ.ਪੀ.ਫੰਡ ਦੀ ਅਦਾਇਗੀ, ਪੈਨਸਨ ਫੰਡ ਦੀ ਅਦਾਇਗੀ, ਹੂਡਕੋ ਅਤੇ ਐਲ.ਆਈ.ਸੀ.ਦੇ ਕਰਜਿਆਂ ਦੀ ਅਦਾਇਗੀ ਨੂੰ ਫਸਟ ਚਾਰਜ ਰੱਖਦੇ ਹੋਏ ਪਹਿਲ ਦੇ ਅਧਾਰ ਤੇ ਅਦਾਇਗੀ ਕੀਤੀ ਜਾਵੇ ।
15. ਕਰਮਚਾਰੀਆਂ ਨੂੰ ਕਰਜੇ ਦੇਣ ਦੇ ਸਬੰਧ ਵਿੱਚ ਰਾਜ ਸਰਕਾਰ ਦੁਆਰਾ ਆਪਣੇ ਕਰਮਚਾਰੀਆਂ ਲਈ ਜਾਰੀ ਕੀਤੇ ਦਿਸਾ-ਨਿਰਦੇਸਾਂ ਦੀ ਪਾਲਣਾਂ ਕੀਤੀ ਜਾਵੇ ।
16. ਸਹਿਰੀ ਗਰੀਬਾਂ ਨੂੰ ਮੁਢਲੀ ਸਹੂਲਤਾਂ ਦੇਣ ਸਬੰਧੀ ਉਪਰਾਲੇ ਕੀਤੇ ਜਾਣ ।
17. ਸਾਲ 2016-17 ਦੇ ਪ੍ਰਵਾਨ ਕੀਤੇ ਬਜਟ/ਆਮਦਨ ਦਾ 1% ਨਗਰ ਕੌਂਸਲ ਦੇ ਵਿਕਾਸ ਦੇ ਫੰਡ ਵਿੱਚੋਂ ਸਹਿਰ ਦੀ ਹਰਿਆਵਲੀ/ਗਰੀਨਰੀ ਲਈ ਵਰਤਿਆ ਜਾਵੇ ।
18. ਸਥਾਨਕ ਸੰਸਥਾ ਦੇ ਦਫਤਰ ਵਿੱਚ ਕੰਪਿਊਟਰਾਈਜੇਸਨ ਕਰਨ ਲਈ ਬਜਟ ਦੇ ਫੰਡਾਂ ਵਿੱਚੋਂ ਆਪ ਦੇ ਅਧਿਕਾਰੀਆਂ / ਕਰਮਚਾਰੀਆਂ ਨੂੰ ਕੰਪਿਊਟਰ ਟਰੇਨਿੰਗ ਆਪਣੇ ਪੱਧਰ ਤੇ ਕਰਵਾਈ ਜਾਵੇ ਅਤੇ ਸਾਰੀਆਂ ਬਰਾਂਚਾਂ ਦੀ ਨੈਟ-ਵਰਕਿੰਗ ਕਰਕੇ ਕੰਪਿਊਟਰਾਈਜੇਸਨ ਹਰ ਹਾਲਤ ਵਿੱਚ ਕੀਤੀ ਜਾਵੇ ।
19. ਕਿਸੇ ਵੀ ਸਥਾਨਕ ਸੰਸਥਾ ਦੇ ਸਬੰਧ ਵਿੱਚ ਆਡਿਟ ਵੱਲੋਂ ਜੋ ਇਤਰਾਜ ਲਗਾਏ ਜਾਂਦੇ ਹਨ ਉਨ੍ਹਾਂ ਦਾ ਉੱਤਰ ਆਡਿਟ ਨੋਟ ਵਿੱਚ ਦਰਸਾਏ ਅਨੁਸਾਰ ਸਮੇਂ ਸਿਰ ਸਾਰੇ ਪੈਰ੍ਹੇ ਨਾਲ-ਨਾਲ ਸੈਟਲ ਕਰਵਾਏ ਜਾਣ ।

ਉਪ-ਕੰਟਰੋਲਰ (ਵਿੱਤ ਤੇ ਲੇਖਾ)

ਮਿਤੀ:

ਪਿੱਠ ਅੰਕਣ ਨੰ:ਲੇਖਾ-6-ਉਕਵਲ-ਡਸਸ-(49)-16/

ਇਸ ਦਾ ਇੱਕ ਉਤਾਰਾ ਰਿਜਨਲ ਡਿਪਟੀ ਡਾਇਰੈਕਟਰ, ਸਥਾਨਕ ਸਰਕਾਰ, ਪਟਿਆਲਾ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

ਉਪ-ਕੰਟਰੋਲਰ (ਵਿੱਤ ਤੇ ਲੇਖਾ)